ਮਿਤੀ 29 ਅਗਸਤ 2020

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,

ਸ੍ਰੀ ਅੰਮ੍ਰਿਤਸਰ ਸਾਹਿਬ।

ਵਿਸ਼ਾ: ਸ਼ਪਸ਼ਟੀਕਰਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ।

ਆਪ ਜੀ ਦੁਆਰਾ ਜਾਰੀ ਕੀਤੇ ਗਏ ਮਿਤੀ 24 ਅਗਸਤ 2020 ਦਾ ਆਦੇਸ਼ ਪ੍ਰਪਾਤ ਕਰ ਲਿਆ ਗਿਆ ਹੈ।ਅਸੀਂ ਇਸ ਆਦੇਸ਼ ਦਾ ਸਤਿਕਾਰ ਕਰਦੇ ਹਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹਰ ਹੁਕਮ ਨੂੰ ਸਤਿਕਾਰ ਨਾਲ ਮੰਨਦੇ ਹਾਂ ਅਤੇ ਮੰਨਦੇ ਰਹਾਂਗੇ।ਅਸੀਂ ਹਮੇਸ਼ਾਂ ਹੀ ਸ੍ਰੀ ਅਕਾਲ ਤਖਤ ਸਾਹਿਬ ਦਾ ਸਤਿਕਾਰ ਕਰਦੇ ਆਏ ਹਾਂ ਅਤੇ ਨਿਮਾਣੇ ਸਿੱਖ ਵਜੋਂ ਹਮੇਸ਼ਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦੇ ਰਹਾਂਗੇ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਸਾਜੋ-ਸਮਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਪਹੁੰਚਾਉਣਾ:**

ਜਿਉਂ ਹੀ ਸਾਨੂੰ ਆਪ ਜੀ ਦਾ ਆਦੇਸ਼ ਮਿਲਿਆ ਅਸੀਂ ਉਸੇ ਹੀ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਹੋਰ ਸਾਜੋ-ਸਮਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਪਹੁੰਚਾਉਣ ਦਾ ਪ੍ਰਬੰਧ ਪੂਰੇ ਸਤਕਾਰ ਨਾਲ ਕਰ ਲਿਆ।ਇਸ ਦੇ ਨਾਲ ਹੀ ਸਾਡੇ ਵਲੋਂ ਆਪ ਜੀ ਦੁਆਰਾ ਜਾਰੀ ਕੀਤੇ ਗਏ ਆਦੇਸ਼ ਦੀ ਪਾਲਣਾ ਕੀਤੀ ਗਈ ਹੈ।

ਕੁੱਲ 61 ਸਰੂਪ ਛਾਪੇ ਗਏ, ਉਹਨਾਂ ਵਿੱਚੋਂ 52 ਸਰੂਪ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਪਹੁੰਚਾ ਦਿੱਤੇ ਗਏ ਹਨ ਅਤੇ ਬਾਕੀ ਦੇ 9 ਸਰੂਪ ਜਿਹੜੇ ਸੰਗਤ ਨੂੰ ਦਿੱਤੇ ਗਏ ਸਨ ਉਹਨਾਂ ਦੀ ਲਿਸਟ ਨਾਲ ਨੱਥੀ ਕੀਤੀ ਗਈ ਹੈ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਚਾਰ-ਵਟਾਂਦਰਾ ਦਾ ਇਤਿਹਾਸ:**

ਕੈਨੇਡਾ ਵਿੱਚ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਾਪਣ ਦੀ ਮਨਜ਼ੂਰੀ ਲਈ 2008 ਤੋਂ ਕੰਮ ਕਰ ਰਹੇ ਹਾਂ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪੰਜਾਬ ਤੋਂ ਕੈਨੇਡਾ ਲਿਜਾਣ ਸਮੇਂ ਦੌਰਾਨ ਵਾਪਰ ਰਹੀਆਂ ਘਟਨਾਵਾਂ ਤੋਂ ਬਚਣ ਲਈ ਕੈਨੇਡਾ ਵਿੱਚ ਛਪਾਈ ਲਈ ਬੇਨਤੀ ਕੀਤੀ ਗਈ ਸੀ।

3 ਮਾਰਚ, 2015 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਤਿਨਾਮ ਐਜੂਕੇਸ਼ਨ ਟਰੱਸਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਛਪਾਈ ਦਾ ਮਤਾ ਪਾਸ ਕੀਤਾ ਸੀ, ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਖਬਰਾਂ ਦੇ ਸ੍ਰੋਤਾਂ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ।

3 ਮਾਰਚ, 2015 ਹਿੰਦੋਸਤਾਨ ਟਾਇਮਜ਼ ਤੋਂ:

> "The Shiromani Gurdwara Parbandhak Committee (SGPC) has finally accepted the demand of non-resident Indian (NRI) Sikhs by agreeing to print Guru Granth Sahib in British Columbia, Canada.
>
> This decision was taken by the SGPC executive at its meeting held at Gurdwara Katana Sahib in Ludhiana district on Tuesday. The meeting was presided over by SGPC chief Avtar Singh Makkar.
>
> For this, the SGPC will collaborate with the Satnam Educational Trust, based in British Columbia."

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਅੰਤ੍ਰਿੰਗ ਕਮੇਟੀ ਦੇ ਇਸ ਫੈਸਲੇ ਤੋਂ ਬਾਅਦ ਇੱਕ ਸਬ-ਕਮੇਟੀ ਨੂੰ ਛਪਾਈ ਦੀ ਸ਼ੁਰੂਆਤ ਕਰਨ ਦੇ ਕੰਮ ਦੀ ਪਾਲਣਾ ਕਰਨ ਨੂੰ ਕਿਹਾ ਗਿਆ।ਇਸ ਸਬ-ਕਮੇਟੀ ਵਿੱਚ ਉਸ ਵੇਲੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਅਤੇ ਸਕੱਤਰ ਰੂਪ ਸਿੰਘ ਸਨ।ਇਹ ਸਬ-ਕਮੇਟੀ ਅੱਗੇ ਨਹੀਂ ਵਧੀ।ਇਸ ਦਾ ਇਹ ਕਾਰਨ ਨਹੀਂ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੀਤੇ ਹੋਏ ਫੈਸਲੇ ਵਿੱਚ ਕੋਈ ਤਬਦੀਲੀ ਕੀਤੀ ਗਈ। ਪਰ ਇਹ ਸ.ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਹੋਈ ਦਖ਼ਲਅੰਦਾਜ਼ੀ ਕਰਕੇ ਸੀ।ਇਹ ਗਲ ਸਾਨੂੰ ਸਬ-ਕਮੇਟੀ ਦੇ ਮੈਂਬਰਾਂ ਨੇ ਸਪਸ਼ਟ ਤੌਰ ਤੇ ਦੱਸੀ ਸੀ।ਸ.ਸੁਖਬੀਰ ਸਿੰਘ ਬਾਦਲ ਕੈਨੇਡਾ ਵਿੱਚ ਛਪਾਈ ਸ਼ੁਰੂ ਨਹੀਂ ਕਰਨਾ ਚਾਹੁੰਦੇ ਸਨ ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪ੍ਰਿੰਟਿੰਗ ਨੂੰ ਅੱਗੇ ਵਧਾਉਣ ਦਾ ਇਹ ਫੈਸਲਾ ਕੀਤਾ ਸੀ।

ਦਸੰਬਰ 2019 ਵਿੱਚ ਅਸੀਂ ਦੋਵੇਂ ਪੰਜਾਬ ਗਏ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਹੁਤ ਸਾਰੇ ਇਤਿਹਾਸਿਕ ਗਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੋਂਗੋਵਾਲ ਤੇ ਮੀਤ-ਪ੍ਰਧਾਨ ਰਜਿੰਦਰ ਸਿੰਘ ਮਹਿਤਾ ਨਾਲ ਕਨੇਡਾ ਵਿੱਚ ਛਪਾਈ ਦੇ ਮੁੱਦੇ ਤੇ ਦੁਬਾਰਾ ਵਿਚਾਰ ਵਟਾਂਦਰ ਕਰਨ ਲਈ ਮੁਲਾਕਾਤ ਕੀਤੀ।ਦੋਵਾਂ ਨੇ ਪ੍ਰਿੰਟਿੰਗ ਸ਼ੁਰੂ ਕਰਨ ਲਈ ਆਪਣੀ ਸਹਿਮਤੀ ਤਾਂ ਪ੍ਰਗਟ ਕਰ ਦਿਤੀ।ਪਰ ਉਹਨਾਂ ਨੇ ਕਿਹਾ ਸੀ ਕਿ ਇਹ ਉਹਨਾਂ ਦਾ ਫੈਸਲਾ ਨਹੀਂ।ਉਹਨਾਂ ਨੇ ਇਸ ਮੁੱਦੇ ਉਪਰ ਸਿੱਧੇ ਤੌਰ ਤੇ ਵਿਚਾਰ-ਵਟਾਂਦਰਾ ਕਰਨ ਲਈ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਕਰਨ ਦਾ ਪ੍ਰਬੰਧ ਕੀਤਾ।ਅਸੀਂ ਸੁਖਬੀਰ ਸਿੰਘ ਬਾਦਲ ਨਾਲ ਛੋਟੀ ਜਿਹੀ ਮੁਲਾਕਾਤ ਕੀਤੀ ਜਿੱਥੇ ਉਸ ਨੇ ਇਸ ਮੁੱਦੇ ਤੇ ਵਿਚਾਰ ਕਰਨ ਤੋਂ ਪਹਿਲਾਂ ਹੀ ਸਾਡੀ ਬੇਨਤੀ ਨੂੰ ਠੁਕਰਾ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੈਨੇਡਾ ਵਿੱਚ ਛਪਾਈ ਦਾ ਮਤਾ ਪਾਸ ਕਰਨ ਤੋਂ ਬਾਅਦ ਉਹ ਚਾਹੁੰਦੇ ਹੋਏ ਵੀ ਅੱਗੇ ਨਾ ਵੱਧ ਸਕੇ।ਕਿਉਂਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਫੈਸਲੇ ਨੂੰ ਸ. ਸੁਖਬੀਰ ਸਿੰਘ ਬਾਦਲ ਹੋਰੀ ਰੱਦ ਕਰ ਰਹੇ ਸੀ।ਜਦੋਂ ਕਿ ਸ. ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਨਹੀਂ ਸਨ।

## ਉੱਤਰੀ ਅਮਰੀਕਾ ਵਿੱਚ ਸਰੂਪਾਂ ਦੀ ਮੰਗ:

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਿਆਦਾ ਅਨੁਸਾਰ ਹਰ ਸਿੱਖ ਨੂੰ ਘਰ ਵਿੱਚ ਜਿੰਨਾ ਵੱਧ ਤੋਂ ਵੱਧ ਹੋ ਸਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਚਾਹੀਦਾ ਹੈ।ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਵੱਧਦੀ ਹੋਈ ਜਨਸੰਖਿਆ ਕਰਕੇ, ਅਸੀਂ ਇੱਕ ਪੰਥ ਵਜੋਂ ਇਹ ਯਕੀਨੀ ਕਿਵੇਂ ਬਣਾ ਸਕਦੇ ਹਾਂ ਕਿ ਸਿੱਖ ਆਪਣੀਆ ਇਛਾਵਾਂ ਅਤੇ ਰਹਿਤ ਮਰਿਅਦਾ ਦੀ ਪਾਲਣਾ ਕਿਵੇਂ ਕਰ ਸਕਦੇ ਹਨ? ਅਸੀਂ ਚਾਹੁੰਦੇ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸਦਾ ਕੋਈ ਹਲ ਲਭਿਆ ਜਾਵੇ।

ਬਹੁਤ ਸਾਰੇ ਗਰੁਦੁਆਰਿਆਂ ਨੇ ਕੈਨੇਡਾ ਵਿੱਚ ਸਰੂਪਾਂ ਦੀ ਛਪਾਈ ਦੀ ਇੱਛਾ ਪ੍ਰਗਟ ਕੀਤੀ ਹੈ।ਹੁਣੇ ਹੀ ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ, ਓਂਟੈਰੀਓ ਗੁਰਦੂਆਰਾ ਕਮੇਟੀ ਅਤੇ ਓਂਟੈਰੀਓ ਸਿੱਖ ਗੁਰਦੂਆਰਾ ਕੌਂਸਲ ਨੇ ਕੈਨੇਡਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਸ਼ੁਰੂ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਪੱਤਰ ਲਿਖਿਆ ਕਿ ਕੈਨੇਡਾ ਵਿੱਚ ਸਰੂਪਾਂ ਨੂੰ ਛਾਪਣ ਦੀ ਲੋੜ ਹੈ।

## ਉੱਤਰੀ ਅਮਰੀਕਾ ਵਿੱਚ ਸੰਗਤ ਲਈ ਸਰੂਪਾਂ ਨੂੰ ਸਤਿਕਾਰ ਸਹਿਤ ਲਿਆਉਣ ਦੇ ਤਰੀਕੇ:

ਸਾਲ 2014 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੱਕ ਬਸ ਵਿੱਚ ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਭੇਜੇ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਬਸ ਆਮ ਤੌਰ ਤੇ ਪੰਜਾਬ ਅਤੇ ਭਾਰਤ ਵਿੱਚ ਸਰੂਪਾਂ ਨੂੰ ਵੰਡਣ ਲਈ ਵਰਤੀ ਜਾਂਦੀ ਸੀ।ਇਹ ਬਸ ਭਾਰਤ ਤੋਂ ਕੈਨੇਡਾ ਸਮੁੰਦਰੀ ਜਹਾਜ਼ ਵਿੱਚ

ਆਈ।ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਸ ਵਿੱਚ ਸਰੂਪ ਪਹੁੰਚੇ, ਉਸ ਸਮੇਂ ਸੰਗਤ ਬਹੁਤ ਨਿਰਾਸ਼ ਹੋਈ। ਸੰਗਤ ਨੇ ਮਹਿਸੂਸ ਕੀਤਾ ਕਿ ਸਰੂਪ ਸਤਿਕਾਰ ਸਹਿਤ ਕੈਨੇਡਾ ਨਹੀਂ ਲਿਆਂਦੇ ਗਏ।

ਬਸ ਸ਼ਿਪਮੈਂਟ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਕੰਨਟੇਨਰ ਵਿੱਚ ਆਏ ਸਨ, ਇਸ ਨੂੰ ਵੀ ਸੰਗਤ ਵੱਲੋਂ ਸਵੀਕਾਰ ਨਹੀਂ ਕੀਤਾ ਗਿਆ ਸੀ। ਇਸ ਲਈ 2014 ਤੋਂ ਲੈ ਕੇ ਹੁਣ ਤੱਕ ਇਹ ਸਪਸ਼ਟ ਹੋ ਚੁੱਕਾ ਹੈ ਕਿ ਉੱਤਰੀ ਅਮਰੀਕਾ ਵਿੱਚ ਸਰੂਪਾਂ ਦੀ ਛਪਾਈ ਹੀ ਸਭ ਤੋਂ ਵਧੀਆ ਤਰੀਕਾ ਹੈ।

ਦਸੰਬਰ 2019 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਾਡੀ ਮੀਟਿੰਗ ਦੌਰਾਨ ਇਹ ਸੁਝਾਅ ਦਿੱਤਾ ਗਿਆ ਸੀ ਕਿ ਚਾਰਟਰਡ ਜਹਾਜ਼ ਹੀ ਕੈਨੇਡਾ ਵਿੱਚ ਸਰੂਪ ਲਿਆਉਣ ਲਈ ਵਰਤਿਆ ਜਾਵੇ।ਅਸੀਂ ਕੁਝ ਸਮੇਂ ਲਈ ਇਸ ਬਾਰੇ ਸੋਚਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋ ਸੰਗਤ ਇਸ ਤਰੀਕੇ ਨਾਲ ਵੀ ਸਹਿਮਤ ਨਹੀਂ ਹੋਵੇਗੀ। ਸਾਰੀਆਂ ਵਪਾਰਿਕ ਉਡਾਣਾਂ ਆਪਣੀਆਂ ਉਡਾਣਾਂ ਵਿੱਚ ਮਾਸ ਅਤੇ ਸ਼ਰਾਬ ਲੈ ਕੇ ਆਉਂਦੀਆਂ ਹਨ। ਜੇ ਅਸੀਂ ਇਨ੍ਹਾਂ ਵਪਾਰਿਕ ਜਹਾਜਾਂ ਨੂੰ ਇਸ ਸੇਵਾ ਵਿੱਚ ਲੈਂਦੇ ਹਾਂ ਤਾਂ ਇਸਦੀ ਕੀਮਤ ਬਹੁਤ ਜ਼ਿਆਦਾ ਹੋਵੇਗੀ ਦੂਸਰਾ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਥਾਂ ਤੇ ਨਹੀਂ ਰੱਖ ਸਕਦੇ ਜਿੱਥੇ ਆਮ ਤੌਰ ਤੇ ਸ਼ਰਾਬ ਵਰਤਾਈ ਜਾਂਦੀ ਹੈ।ਅਸੀਂ ਇਹ ਮਹਿਸੂਸ ਕੀਤਾ ਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਨਾਮੇ ਦੀ ਭਾਵਨਾ ਦੇ ਵਿਰੁਧ ਹੈ ਜਿਸ ਤਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੈਂਕਟ ਹਾਲ ਵਿੱਚ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ।

## ਸਤਿਨਾਮ ਪ੍ਰਚਾਰ ਸੋਸਾਇਟੀ ਵੱਲੋਂ ਕੈਨੇਡਾ ਵਿੱਚ ਸਰੂਪਾਂ ਦੀ ਛਪਾਈ:

ਅਸੀਂ ਇਸ ਗਲ ਦਾ ਸਨਮਾਨ ਕਰਦੇ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰੂਪ ਛਾਪਣ ਦਾ ਅਧਿਕਾਰ ਦਿੱਤਾ ਗਿਆ ਹੈ।ਅਤੇ ਅਸੀਂ ਇਹ ਵੀ ਚਾਹੁੰਦੇ ਹਾ ਕਿ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਇਨਾ ਵੱਡਾ ਅਧਿਕਾਰ ਮਿਲਿਆ ਹੈ, ਤਾਂ ਉਹ ਦੇਸ਼ਾਂ ਵਿਦੇਸ਼ਾ ਵਿੱਚ ਵਸਦੇ ਸਾਰੇ ਸਿਖਾਂ ਲਈ ਵੀ ਵਧੀਆ ਪ੍ਰਬੰਧ ਕਰਨ। ।ਸਾਲ 2020 ਦੇ ਸ਼ੁਰੂ ਵਿੱਚ ਅਸੀਂ ਮਹਿਸੂਸ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤਰੀ ਅਮਰੀਕਾ ਦੀ ਸੰਗਤ ਲਈ ਸਰੂਪਾਂ ਦੀ ਛਪਾਈ ਦੇ ਆਪਣੇ ਫੈਸਲੇ ਤੇ ਕੰਮ ਨਹੀਂ ਕਰ ਰਹੀ ਜਦੋਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਹ ਫੈਸਲਾ ਕੀਤਾ ਸੀ ਕਿ ਉਹ ਕੈਨੇਡਾ ਵਿੱਚ ਸਾਡੇ ਨਾਲ ਮਿਲ ਕੇ ਇਹ ਸੇਵਾ ਕਰਨਗੇ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਫੈਸਲਾ ਕਦੇ ਰੱਦ ਵੀ ਨਹੀਂ ਕੀਤਾ।ਫਿਰ ਅਸੀਂ ਇਹ ਮਹਿਸੂਸ ਕੀਤਾ ਕਿ ਅਸੀਂ ਉੱਤਰੀ ਅਮਰੀਕਾ ਦੀ ਸੰਗਤ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਸੇਵਾ ਕਰਾਂਗੇ।।

ਅਸੀਂ ਉਹਨਾਂ ਦੇ ਪਹਿਲੇ ਫੈਸਲੇ ਤੇ ਛਿਪਾਈ ਦਾ ਕੰਮ ਪੂਰੀ ਮਰਿਆਦਾ ਨਾਲ ਕਰਨਾ ਸ਼ੁਰੂ ਕਰ ਦਿੱਤਾ। ਕੇਵਲ ਅੰਮ੍ਰਿਤਧਾਰੀ ਸਿੱਖ ਸੇਵਾ ਦਾ ਕੰਮ ਕਰੇਗਾ ਅਤੇ ਸੇਵਾ ਦੀ ਪਵਿੱਤਰਤਾ ਰੱਖਣ ਲਈ ਸਹੀ ਤਰੀਕੇ ਨਾਲ ਸਾਫ਼-ਸਫ਼ਾਈ ਦਾ ਪ੍ਰਬੰਧ ਕੀਤਾ ਜਾਵੇਗਾ।ਛਾਪੇ ਗਏ 61 ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਛਪਾਈ ਦੇ ਸਮਾਨ ਸਨ, ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਵਰਤੀ ਗਈ ਫਾਇਲ (ਸਾਲ 1998 ਦੇ ਹੁਕਮਨਾਮੇ ਵਿੱਚ ਬਿਆਨ ਕੀਤੀ ਆਫ਼ਸੈਟ ਫਿਲਮਜ਼) ਸਮਾਨ ਸਨ।ਫਾਇਲ ਪੂਰੀ ਤਰ੍ਹਾਂ ਚੈੱਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜਿਹੜਾ ਸਾਲ 2014 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਇਆ ਸੀ ਉਸ ਨਾਲ ਮਿਲਾ ਕੇ ਚੈੱਕ ਕੀਤਾ ਗਿਆ।

## ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਫੈਸਲੇ ਦਾ ਇੰਤਜ਼ਾਰ:

ਕੋਈ ਵੀ ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਹੋਵੇ, ਹਰ ਸਿੱਖ ਲਈ ਬਹੁਤ ਮਹਤਵਪੂਰਨ ਹੈ।ਸਾਡੇ ਵੱਲੋਂ ਕੀਤੀ ਗਈ ਕਿਸੇ ਵੀ ਗਲਤੀ ਲਈ ਅਸੀਂ ਨਿਮਰਤਾ ਸਹਿਤ ਮਾਫੀ ਮੰਗਦੇ ਹਾਂ।ਜੇਕਰ ਸਾਡੇ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਪਾਲਣਾ ਕਰਦੇ ਹੋਏ ਕੋਈ ਵੀ ਗਲਤੀ ਹੋਈ ਹੋਵੇ ਹੈ ਤਾਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਣ ਲਈ ਵੀ ਤਿਆਰ ਹਾਂ।ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਨੂੰ ਸਵੀਕਾਰ ਕਰਦੇ ਹਾਂ ਅਤੇ ਕਰਦੇ ਰਹਾਂਗੇ।ਅਸੀਂ ਇਹ ਸੇਵਾ ਕੇਵਲ ਸਿੱਖ ਸੰਗਤ ਦੀ ਸੇਵਾ ਕਰਨ ਦੀ ਚੰਗੀ ਭਾਵਨਾ ਨਾਲ ਕੀਤੀ ਹੈ।ਅਸੀਂ ਕਦੇ ਵੀ ਇਹ ਸੇਵਾ ਲਾਭ ਉਠਾਉਣ ਲਈ ਨਹੀਂ ਕੀਤੀ।

ਇਹ ਸਾਡੀ ਨਿਮਰ ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੋੜੀਂਦੀਂ ਸੇਵਾ ਪ੍ਰਦਾਨ ਕਰਨ ਲਈ ਵਿਸ਼ਵ ਭਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਸਤਿਕਾਰ ਰੱਖਦੇ ਹੋਏ ਛਪਾਈ ਪ੍ਰੈਸ ਲਗਾਉਣ ਦਾ ਨਿਰਦੇਸ਼ ਦਿੱਤਾ ਜਾਵੇ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਨੂੰ ਇਸ ਸੇਵਾ ਦੇ ਲਾਇਕ ਨਹੀਂ ਸਮਝਦੇ ਤਾਂ ਅਸੀਂ ਬੇਨਤੀ ਕਰਦੇ ਹਾਂ ਕਿ ਹੋਰ ਪੰਥਕ ਜੱਥੇਬੰਦੀਆਂ ਉੱਤਰੀ ਅਮਰੀਕਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਲਈ ਪ੍ਰਵਾਨਗੀ ਦੇਣ। ਸਾਡੀ ਇਹ ਵੀ ਸਨਿਮਰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਲਈ ਮਨਜ਼ੂਰੀ ਦੇ ਕੇ ਛਪਾਈ ਵੀ ਸ਼ੁਰੂ ਕੀਤੀ ਜਾਵੇ ਤਾਂ ਕਿ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਕਰਕੇ ਸੇਵਾ ਸੰਭਾਲ ਕਰ ਸਕਣ। ਸੰਸਾਰ ਭਰ ਦੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਦਰਸ਼ਨਾਂ ਦੀ ਲੋੜ ਹੈ। ਇਹ ਬਹੁਤ ਵਧੀਆ ਹੋਵੇਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹ ਸਾਰੇ ਵਿਸ਼ਵ ਭਰ ਦੀ ਸਿੱਖ ਸੰਗਤ ਲਈ ਇਹ ਸੇਵਾ ਨਿਭਾਵੇ।

ਸਾਡੇ ਕੋਲ ਇਕ ਹੋਰ ਨਿਮਰ ਬੇਨਤੀ ਹੈ ਕਿ ਜਥੇਦਾਰ ਸਾਹਿਬਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਰਦੇਸ਼ ਦੇਣ, ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਵਿੱਖ ਵਿੱਚ ਬਾਹਰਲੇ ਸਿਆਸਤਦਾਨਾਂ ਦੇ ਪ੍ਰਭਾਵ ਤੋਂ ਬਿਨਾਂ ਆਪਣੇ ਫੈਸਲੇ ਕਰਨ। ਸਾਡੀ ਕੌਮ ਕੋਲ ਅਜ਼ਾਦ ਸੰਸਥਾ ਹੋਣੀ ਚਾਹੀਦੀ ਹੈ ਜਿਹੜੀ ਸੁਤੰਤਰ ਫੈਸਲੇ ਲਵੇ ਜੋ ਕਿ ਪੂਰੇ ਸੰਸਾਰ ਵਿੱਚ ਸਿੱਖੀ ਦੇ ਪ੍ਰਸਾਰ ਲਈ ਸਹਾਈ ਹੋਣ।

ਅਸੀਂ 1979 ਤੋਂ ਉੱਤਰੀ ਅਮਰੀਕਾ ਵਿੱਚ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਪੋਥੀਆਂ, ਕਕਾਰ ਅਤੇ ਹੋਰ ਗੁਰਮਤਿ ਸਾਹਿਤ ਪ੍ਰਦਾਨ ਕਰਨ ਦੀ ਸੇਵਾ ਨਿਭਾ ਰਹੇ ਹਾਂ। ਅਸੀਂ ਕੈਨੇਡਾ ਦੇ ਵਿੱਚ ਕਈ ਸਕੂਲ ਵੀ ਚਲਾ ਰਹੇ ਹਾਂ ਅਤੇ ਆਉਣ ਵਾਲੀ ਪੀੜ੍ਹੀ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ ਉੱਤਰੀ ਅਮਰੀਕਾ ਵਿੱਚ ਗੁਰਮਤਿ ਕੈਂਪ ਵੀ ਲਗਾ ਰਹੇ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਸੇਵਾ ਨਿਭਾਉਂਦੇ ਹੋਏ ਅਸੀਂ ਬਹੁਤ ਗਲਤੀਆਂ ਕਰਦੇ ਹਾਂ। ਇਹ ਗਲਤੀਆਂ ਜਾਣ ਬੁਝ ਕੇ ਨਹੀਂ ਕੀਤੀਆਂ ਜਾਂਦੀਆਂ । ਇਸ ਲਈ ਅਸੀਂ ਵਿਸ਼ਵ ਭਰ ਦੀ ਸਿੱਖ ਸੰਗਤ ਤੋਂ ਮਾਫੀ ਮੰਗਦੇ ਹਾਂ ਅਤੇ ਅਸੀਂ ਸਿੰਘ ਸਾਹਿਬਾਨ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਸੇਧ ਦੇਣ ਕਿ ਭਵਿੱਖ ਵਿੱਚ ਅਸੀਂ ਆਪਣੇ ਆਪ ਨੂੰ ਸੁਧਾਰ ਕੇ ਵੱਧ ਤੋਂ ਵੱਧ ਸੰਗਤ ਦੀ ਸੇਵਾ ਕਰ ਸਕੀਏ।

ਦਾਸ:

ਬਲਵੰਤ ਸਿੰਘ ਪੰਧੇਰ ਅਤੇ ਰਿਪੁਦਮਨ ਸਿੰਘ ਮਲਿਕ